# ਨਵੇਂ ਸਾਲ 2011 ਦਾ ਬਾਬਾ ਜੀ ਦਾ ਸੰਦੇਸ਼

ਮਾਣਯੋਗ ਪਿਆਰੇ ਭੈਣੋਂ, ਭਰਾਓ ਅਤੇ ਦੋਸਤੋ,

ਸਾਲ 2010 ਖਤਮ ਹੋ ਰਿਹਾ ਹੈ ਅਤੇ ਸਾਲ 2011 ਸਾਡੇ ਦਰਵਾਜੇ ਤੇ ਦਸਤਕ ਦੇ ਰਿਹਾ ਹੈ। ਆਓ! ਅੱਜ ਅਸੀਂ ਵਿਚਾਰ ਕਰੀਏ ਕਿ 2010 ਵਿੱਚ ਕੀ ਅਸੀਂ ਕੌਮ, ਸਮਾਜ ਜਾਂ ਦੇਸ਼ ਵਾਸਤੇ ਕੋਈ ਨੇਕ ਕੰਮ ਕੀਤਾ ਹੈ? ਕੀ ਆਤਮਾ ਨੂੰ ਪ੍ਰਮਾਤਮਾ ਨਾਲ ਮਿਲਾਉਣ ਲਈ ਕੋਈ ਜਤਨ ਕੀਤਾ ਹੈ? ਮੈਂ ਆਪ ਦਾ ਅਤੀ ਧੰਨਵਾਦੀ ਹਾਂ ਕਿ ਆਪ ਨੇ ਮੇਰਾ ਜਨਮ ਦਿਨ ਬੜੀਆਂ ਖੁਸ਼ੀਆਂ ਅਤੇ ਚਾਵਾਂ ਨਾਲ ਸ਼ਬਦ ਅਤੇ ਗੀਤ ਗਾ ਕੇ ਮਨਾਇਆ ਅਤੇ ਖਾਣ ਪੀਣ ਦਾ ਵੀ ਪ੍ਰੋਗਰਾਮ ਕੀਤਾ। ਪਿਛਲੇ ਸਾਲ ਮੈਂ ਆਪ ਨੂੰ ਸੰਦੇਸ਼ ਦਿੱਤਾ ਸੀ ਕਿ ਕਿਸੇ ਵਿਅਕਤੀ ਦੀ ਜ਼ਿੰਦਗੀ ਦਾ ਹਿੱਸਾ ਬਣਕੇ ਆਪਣੇ ਪਿਆਰੇ ਦਾ ਯਾਦਗਾਰੀ ਜਨਮ ਦਿਨ ਮਨਾਉਣ ਦੀ ਕੋਸ਼ਿਸ਼ ਕਰੋ। ਆਪ ਨੇ ਆਪਣੇ ਪਿਆਰੇ ਦਾ ਜਨਮ ਦਿਨ ਪਾਰਟੀ ਕਰਕੇ ਬੜੀ ਧੂਮਧਾਮ ਨਾਲ ਮਨਾ ਕੇ ਆਪਣੀ ਖੁਸ਼ੀ ਪ੍ਰਗਟ ਕੀਤੀ। ਆਪ ਦੀ ਖੁਸ਼ੀ ਨਾਲ ਮੈਂ ਵੀ ਬਹੁਤ ਖੁਸ਼ ਹਾਂ ਪਰ ਮੇਰੀ ਦਿਲੀ ਖੁਸ਼ੀ ਇਸ ਵਿੱਚ ਹੈ ਕਿ ਆਪ ਮੇਰਾ ਜਨਮ ਦਿਨ ਖੂਨਦਾਨ ਕਰਕੇ ਮਨਾਓ। ਆਪ ਦੇ ਦਿੱਤੇ ਹੋਏ ਖੂਨ ਨਾਲ ਕਿਸੇ ਵਿਅਕਤੀ ਨੂੰ ਨਵੀਂ ਜ਼ਿੰਦਗੀ ਮਿਲ ਸਕਦੀ ਹੈ। ਇਸ ਨਾਲ ਆਪ ਨੂੰ ਇਸ ਜਨਮ ਵਿੱਚ ਤਾਂ ਫਾਇਦਾ ਹੋਵੇਗਾ ਹੀ, ਅਗਲੇ ਜਨਮ ਵਿੱਚ ਵੀ ਇਸ ਦਾ ਲਾਭ ਮਿਲੇਗਾ। ਇਸ ਲਈ ਆਪ ਮੇਰਾ ਜਨਮ ਦਿਨ ਖੂਨਦਾਨ ਕੈਂਪ ਲਗਾ ਕੇ ਮਨਾਓ। ਮੇਰੇ ਵਿਚਾਰ ਵਿੱਚ ਅੰਗਦਾਨ ਕਰਨਾ ਵੀ ਇੱਕ ਮਹਾਨ ਕੰਮ ਹੈ। ਮਰਨ ਤੋਂ ਬਾਅਦ ਤਾਂ ਸਰੀਰ ਅਗਨੀ ਦੇ ਸਪੁਰਦ ਹੋ ਜਾਣਾ ਹੈ, ਮਿੱਟੀ ਵਿਚ ਦਬਾ ਦਿੱਤਾ ਜਾਣਾ ਹੈ ਜਾਂ ਜਲ ਪ੍ਰਵਾਹ ਕਰ ਦਿੱਤਾ ਜਾਣਾ ਹੈ। ਆਪ ਨੂੰ ਇਸ ਗੱਲ ਦਾ ਤਾਂ ਕੋਈ ਫਰਕ ਨਹੀਂ ਪਵੇਗਾ ਪਰ ਆਪ ਦੇ ਦਾਨ ਕੀਤੇ ਹੋਏ ਅੰਗ ਨਾਲ ਕੋਈ ਵਿਅਕਤੀ ਇਕ ਤੰਦਰੁਸਤ ਇਨਸਾਨ ਬਣ ਕੇ ਅੱਛੀ ਜ਼ਿੰਦਗੀ ਜੀ ਸਕੇਗਾ। ਇਸ ਦਾ ਲਾਭ ਪ੍ਰਮਾਤਮਾ ਤੁਹਾਨੂੰ ਅਗਲੇ ਜਨਮ ਵਿੱਚ ਵੀ ਦੇਵੇਗਾ।

ਦੁਨੀਆ ਵਿਚ ਜਿਤਨੇ ਵੀ ਮਹਾਪੁਰਸ਼ ਆਏ ਹਨ ਉਨ੍ਹਾਂ ਨੇ ਕੰਨਿਆਂਦਾਨ ਨੂੰ ਮਹਾਦਾਨ ਬਿਆਨ ਕੀਤਾ ਹੈ ਪਰ ਮੈਂ ਸਮਝਦਾ ਹਾਂ ਕਿ ਅੱਜਕਲ ਦਾ ਕੰਨਿਆਂਦਾਨ ਬਹੁਤ ਹੀ ਮਹਿੰਗਾ ਸਾਬਤ ਹੁੰਦਾ ਜਾ ਰਿਹਾ ਹੈ। ਇਸ ਦਾ ਕਾਰਨ ਹੈ ਕਿ ਮਹਿੰਗਾਈ ਬਹੁਤ ਵੱਧ ਚੁੱਕੀ ਹੈ। ਕੀ ਅਮੀਰ, ਕੀ ਗਰੀਬ, ਲੜਕੀਆਂ ਦੀ ਸ਼ਾਦੀ ਕਰਨਾ ਸਭ ਵਾਸਤੇ ਇੱਕ ਔਖੀ ਘਾਟੀ ਚੜ੍ਹਨ ਦੇ ਬਰਾਬਰ ਹੈ ਅਤੇ ਇਹ ਘਾਟੀ ਉਧਾਰ ਦੀ ਸੀੜ੍ਹੀ ਲੈ ਕੇ ਚੜ੍ਹਨਾ ਪੈਂਦਾ ਹੈ। ਉਧਾਰ ਉਤਰਦਾ ਨਹੀਂ ਅਤੇ ਪਰਿਵਾਰ ਦੀ ਨਈਆ ਡਾਵਾਂਡੋਲ ਹੋ ਜਾਂਦੀ ਹੈ। ਇਸ ਕਰਕੇ ਲੋਕੀਂ ਭਰੂਣ ਹੱਤਿਆ ਵਾਲੇ ਪਾਸੇ ਤੁਰ ਪਏ ਹਨ। ਭਰੂਣ ਹੱਤਿਆ ਮਹਾਪਾਪ ਹੈ। ਇਸ ਦੇ ਬਾਰੇ ਪਿਛਲੇ ਸਾਲ ਦੇ ਸੰਦੇਸ਼ ਵਿਚ ਵੀ ਮੈਂ ਬੇਨਤੀ ਕੀਤੀ ਸੀ। ਅੱਜ ਲੜਕੀਆਂ, ਲੜਕਿਆਂ ਦੇ ਕੰਧੇ ਦੇ ਨਾਲ ਕੰਧਾ ਮਿਲਾ ਕੇ ਹਰ ਇੱਕ ਖੇਤਰ ਵਿੱਚ ਅੱਗੇ ਵੱਧ ਰਹੀਆਂ ਹਨ, ਸਪੇਸ ਵਿੱਚ ਘੁੰਮ ਕੇ ਆ ਰਹੀਆਂ ਹਨ। ਅਗਰ ਇਨ੍ਹਾਂ ਦੀ ਭਰੂਣ ਹੱਤਿਆ ਹੋ ਜਾਂਦੀ ਤਾਂ ਦੇਸ਼ ਇੱਕ ਕੀਮਤੀ ਨਗੀਨਾ ਗਵਾ ਦਿੰਦਾ।

# ਨਵੇਂ ਸਾਲ 2011 ਦਾ ਬਾਬਾ ਜੀ ਦਾ ਸੰਦੇਸ਼

ਮੈਨੂੰ ਆਗਰੇ ਦਿਆਲ ਬਾਗ਼ ਜਾਣ ਦਾ ਮੌਕਾ ਮਿਲਿਆ। ਉੱਥੋਂ ਦੀ ਸੰਸਥਾ ਆਪਣੇ ਪ੍ਰੇਮੀਆਂ ਨੂੰ ਲੜਕੀਆਂ ਦੀਆਂ ਸ਼ਾਦੀਆਂ ਵਿੱਚ 15,000 ਤੋਂ ਵੱਧ ਖਰਚ ਕਰਨ ਦੀ ਇਜਾਜ਼ਤ ਨਹੀਂ ਦਿੰਦੀ। ਆਪਣੀ ਸੀਮਾ ਦੇ ਮੁਤਾਬਕ ਇਸ ਤੇ ਰੋਕ ਲਗਾਣੀ ਚਾਹੀਦੀ ਹੈ। ਇਸ ਤਰ੍ਹਾਂ ਅਗਰ ਸੰਗਤ ਇਸ ਵਿੱਚ ਸਹਿਯੋਗ ਦੇਵੇ ਤਾਂ ਮੈਂ ਵੀ ਇਸ ਨੂੰ ਆਪਣੇ ਦਾਇਰੇ ਵਿੱਚ ਲਾਗੂ ਕਰਨਾ ਚਾਹੁੰਦਾ ਹਾਂ। ਇਸ ਨੂੰ ਸੰਗਤ ਅਤੇ ਪ੍ਰੇਮੀ ਚਾਹੁੰਦੇ ਵੀ ਹਨ ਪਰ ਲੜਕੇ ਵਾਲੇ ਨਾ ਮੰਨਣ ਤਾਂ ਮੁਸ਼ਕਲ ਹੋ ਜਾਂਦੀ ਹੈ।

ਇਨਸਾਨ ਨੂੰ ਪ੍ਰਮਾਤਮਾ ਨੇ ਅਸ਼ਰਫ-ਉਲ-ਮਖ਼ਲੂਕਾਤ ਬਣਾਇਆ ਹੈ। ਸਾਨੂੰ ਕੁਲ ਮਾਲਕ ਪ੍ਰਮਾਤਮਾ ਦਾ ਗਿਆਨ ਲੈ ਕੇ ਭਜਨ ਸਿਮਰਨ ਕਰਕੇ ਉਸ ਨਾਲ ਜੁੜਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਨਸਾਨ ਵਿੱਚ ਇਹ ਹੀ ਇੱਕ ਵਾਧਾ ਹੈ ਕਿ ਉਹ ਗਿਆਨ ਲੈ ਕੇ ਪ੍ਰਮਾਤਮਾ ਨਾਲ ਮਿਲ ਸਕਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਉਂਦੇ ਜੀ ਮਰਨ ਦਾ ਜੋ ਤਰੀਕਾ ਦੱਸਿਆ ਹੈ, ਉਸਨੂੰ ਜਾਨਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਮਰਨ ਤੋਂ ਬਾਅਦ ਜਿੱਥੇ ਜਾਣਾ ਹੈ, ਉਸ ਦੇ ਬਾਰੇ ਵਿਚਾਰ ਕਰਨਾ ਚਾਹੀਦਾ ਹੈ। ਫਿਰ ਅਸੀਂ ਇਨਸਾਨ ਅਖਵਾਉਣ ਦੇ ਹੱਕਦਾਰ ਹੋ ਸਕਦੇ ਹਾਂ। ਨਹੀਂ ਤਾਂ ਕਿਹੜੇ ਕੰਮ ਜਾਨਵਰ ਨਹੀਂ ਕਰਦੇ ਜੋ ਇਨਸਾਨ ਕਰਦਾ ਹੈ। ਬਾਕੀ ਜੂਨਾਂ ਜਿਵੇਂ ਕਿ ਜਾਨਵਰ, ਪੰਛੀ ਵਗੈਰਾ ਹਰ ਕਿਸਮ ਦੇ ਭੋਗ, ਭੋਗ ਸਕਦੇ ਹਨ, ਬੱਚੇ ਪੈਦਾ ਕਰਕੇ ਤੁਰਨ ਫਿਰਨ ਅਤੇ ਉੱਡਣ ਦੇ ਕਾਬਿਲ ਬਣਾ ਸਕਦੇ ਹਨ ਪਰ ਉਹ ਗਿਆਨ ਲੈ ਕੇ ਪ੍ਰਮਾਤਮਾ ਨੂੰ ਮਿਲਣ ਦੇ ਕਾਬਿਲ ਨਹੀਂ ਹੋ ਸਕਦੇ। ਜਿਹੜੀ ਚੀਜ਼ ਦਾ ਵਾਧਾ ਸਾਨੂੰ ਪ੍ਰਮਾਤਮਾ ਨੇ ਬਖਸ਼ਿਆ ਹੈ, ਉਹ ਅਸੀਂ ਇਸਤੇਮਾਲ ਨਹੀਂ ਕੀਤਾ, ਪ੍ਰੈਕਟੀਕਲੀ ਅਪਣਾਇਆ ਨਹੀਂ ਤਾਂ ਜਨਮ ਬੇਕਾਰ ਚਲਾ ਜਾਵੇਗਾ। ਇਸ ਲਈ ਸਾਨੂੰ ਸੰਤਾਂ-ਮਹਾਤਮਾ ਦੀ ਸੋਹਬਤ ਅਤੇ ਨਾਮ ਦੀ ਪ੍ਰਾਪਤੀ ਕਰਕੇ ਭਜਨ ਸਿਮਰਨ ਦੇ ਦੁਆਰਾ ਪ੍ਰਮਾਤਮਾ ਨੂੰ ਮਿਲਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਮਨੁੱਖਾ ਜਨਮ ਨੂੰ ਸਫਲ ਬਣਾਉਣਾ ਚਾਹੀਦਾ ਹੈ।

ਪ੍ਰਮਾਤਮਾ ਅਗਰ ਤਾਕਤ ਬਖਸ਼ੇ ਤਾਂ ਇਨਸਾਨ ਨੂੰ ਹਉਮੈਂ ਵਿੱਚ ਨਹੀਂ ਆਉਣਾ ਚਾਹੀਦਾ। ਸ਼ੇਖ ਸਾਦੀ ਇੱਕ ਬਹੁਤ ਵੱਡੇ ਬਾਦਸ਼ਾਹ ਦਾ ਸ਼ਾਇਰ ਸੀ। ਉਸ ਦਾ ਲੜਕਾ ਦੋਸਤਾਂ ਵਿੱਚ ਆਪਣੇ ਬਾਪ ਦਾ ਨਾਂ ਲੈ ਕੇ ਰੋਬ ਜਮਾਉਂਦਾ ਸੀ, ਹਉਮੈਂ ਪ੍ਰਗਟ ਕਰਦਾ ਸੀ। ਸ਼ੇਖ ਸਾਦੀ ਨੇ ਉਸਨੂੰ ਕਿਹਾ, ਤੂੰ ਮੇਰਾ ਨਾਂ ਲੈ ਕੇ ਰੋਬ ਜਮਾ ਰਿਹਾ ਹੈਂ। ਜਦੋਂ ਤੂੰ ਅੱਲਾ ਦੀ ਦਰਗਾਹ ਵਿੱਚ ਖੜਾ ਹੋਵੇਂਗਾ, ਉੱਥੇ ਤੇਰੇ ਹੱਥ ਅੱਡੇ ਹੋਣਗੇ, ਤੂੰ ਗਿੜਗਿੜਾ ਰਿਹਾ ਹੋਵੇਂਗਾ, ਕੋਈ ਤੇਰੀ ਮਦਦ ਲਈ ਨਹੀਂ ਹੋਵੇਗਾ। ਤੇਰੇ ਅਮਾਲ ਤੇਰੇ ਨਾਲ ਹੋਣਗੇ, ਉਹੀ ਤੇਰੇ ਕੰਮ ਆਉਣਗੇ। ਉੱਥੇ ਸ਼ੇਖ ਸਾਦੀ ਦਾ ਰੋਬ ਜਾਂ ਸਿਫਾਰਿਸ਼ ਨਹੀਂ ਚੱਲੇਗੀ। ਇਸ ਲਈ ਉਸ ਦੀ ਰਜ਼ਾ ਵਿੱਚ ਰਹਿ ਕੇ ਕੰਮ ਕਰਨਾ ਚਾਹੀਦਾ ਹੈ।

ਆਪਦਾ

(ਕੇਹਰ ਸਿੰਘ)